***ਮਿਤੀ ਬੱਧ ( 03-04-2011 ਨੂੰ 12.00 ਦੁਪਹਿਰ ਤੱਕ)***

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਚੰਡੀਗੜ੍ਹ ।**
**(ਸੇਵਾਵਾ-1 ਸਾਖਾ)**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਮੰਡਲ/
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)

ਮੀਮੋ ਨੰ: 3/38-11 ਸੇ1(4)
ਮਿਤੀ ਚੰਡੀਗੜ੍ਹ: 1-4-2011

ਵਿਸਾ:- ਪੀ.ਈ.ਐਸ (ਸਕੂਲ ਤੇ ਇੰਨਸਪੈਕਸਨ) ਗਰੁੱਪ "ਏ" ਵਿੱਚ ਤਰੱਕੀਆਂ ਕਰਨ ਲਈ ਨਾ ਉਪਲੱਭਦ ਹੋ ਰਹੇ ਲੈਕਚਰਾਰਾਂ ਬਾਰੇ ਸੂਚਨਾ ਦੇਣ ਬਾਰੇ।

ਹਵਾਲਾ: ਉਪਰੋਕਤ ਵਿਸੇ ਤੇ ਇਸ ਡਾਇਰੈਕੋਟੇਰਟ ਦੇ ਪੱਤਰ ਨੰਬਰ 3/38-11 ਸੇ1(4) ਮਿਤੀ 28.03.2011 ਅਤੇ ਮਿਤੀ 01-04-2011 ਦੀ ਲਗਾਤਾਰਤਾ ਵਿੱਚ।

ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਨੂੰ 185 ਲੈਕਚਰਾਰਾਂ ਦੀ ਸੂਚੀ ਭੇਜਦੇ ਹੋਏ ਲਿਖਿਆ ਗਿਆ ਸੀ ਕਿ ਇਨ੍ਹਾਂ ਲੈਕਚਰਾਰਾਂ ਦੇ ਵੇਰਵੇ ਦਫਤਰ ਪਾਸ ਉਪਲੱਭਧ ਨਹੀਂ ਹਨ। ਕਿਉਂ ਜੋ ਪੀ.ਈ.ਐਸ. ਗਰੁੱਪ-ਏ ਵਿੱਚ ਤਰੱਕੀਆਂ ਵਿਭਾਗ ਦੇ ਵਿਚਾਰ ਅਧੀਨ ਹਨ, ਜਿਨ੍ਹਾਂ ਲਈ ਇਨ੍ਹਾਂ ਲੈਕਚਰਾਰਾਂ ਦੇ ਵੇਰਵੇ ਲੋੜੀਂਦੇ ਹਨ। ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਨੂੰ ਇਨ੍ਹਾਂ ਲੈਕਚਰਾਰਾਂ ਦੇ ਸਬੰਧ ਵਿੱਚ ਇਹ ਸਰਟੀਫਾਈ ਕਰਨ ਲਈ ਹਦਾਇਤ ਕੀਤੀ ਗਈ ਸੀ ਕਿ ਕੀ ਇਸ ਸੂਚੀ ਵਿੱਚੋਂ ਕੋਈ ਲੈਕਚਰਾਰ ਪਿਛਲੇ 6 ਸਾਲਾਂ ਤੋਂ ਆਪ ਦੀ ਸੰਸਥਾ ਵਿੱਚ ਕੰਮ ਕਰਦਾ ਰਿਹਾ ਹੈ, ਅਤੇ ਕੀ ਉਸਨੇ ਪਿਛਲੇ 6 ਸਾਲਾਂ ਤੋਂ ਆਪ ਦੇ ਸਕੂਲ/ਸੰਸਥਾ ਤੋਂ ਤਨਖਾਹ ਡਰਾਅ ਕੀਤੀ ਹੈ, ਸਬੰਧੀ ਸੂਚਨਾ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ। ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਕੀ ਇਹ ਸੂਚਨਾ ਹਰ ਹਾਲਤ ਵਿੱਚ ***ਮਿਤੀ 03-04-2011 ਨੂੰ ਦੁਪਹਿਰ 12.00 ਵਜੇ ਤੱਕ*** ਨਿੱਜੀ ਪੱਧਰ ਤੇ ਇਸ ਦਫਤਰ ਵਿੱਚ ਪੁੱਜਦਾ ਕਰਨੀ ਯਕੀਨੀ ਬਣਾਈ ਜਾਵੇ। ਇਹ ਸੂਚਨਾ ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰਜ, ਡਾਇਟਸ ਅਤੇ ਹੋਰ ਸਿੱਖਿਆ ਸੰਸਥਾਵਾਂ ਤੋਂ ਵੀ ਇਕੱਤਰ ਕਰਕੇ ਸਬੰਧਤ ਜਿਲਾ ਸਿੱਖਿਆ ਅਫਸਰ ਸੰਕਲਿਤ ਰੂਪ ਵਿੱਚ ਇਸ ਡਾਇਰੈਕਟੋਰੇਟ ਨੂੰ ਮਿਤੀ ਬੱਧ ਸਮੇਂ ਤੇ ਨਿੱਜੀ ਪੱਧਰ ਤੇ ਹਰ ਹਾਲਤ ਵਿੱਚ ਪੁੱਜਦੀ ਕੀਤੀ ਜਾਵੇ।

ਰਜਿਸਟਰਾਰ ਸਿੱਖਿਆ ਵਿਭਾਗ

ਪਿਠ ਅੰਕਣ ਨੰ: ਉਕਤ ਮਿਤੀ ਚੰਡੀਗੜ੍ਹ: 1-4-2011

ਉਤਾਰਾ ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਲੈਕਚਰਾਰਾਂ ਬਾਰੇ ਰਿਪੋਰਟ ਤੁਰੰਤ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਭੇਜੀ ਜਾਵੇ।

ਰਜਿਸਟਰਾਰ ਸਿੱਖਿਆ ਵਿਭਾਗ